# ਨਗਰ ਨਿਗਮ, ਬਠਿੰਡਾ।
## ਕਾਰਵਾਈ ਬਜਟ ਮੀਟਿੰਗ ਮਿਤੀ 18.03.2016

ਅੱਜ ਮਿਤੀ 18.03.2016 ਨੂੰ ਦੁਪਹਿਰ 2.00 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਬਜਟ 2016-2017 ਸਬੰਧੀ ਮੀਟਿੰਗ, ਨਗਰ ਨਿਗਮ ਬਠਿੰਡਾ ਦੇ ਮੀਟਿੰਗ ਹਾਲ ਵਿੱਚ ਹੋਈ।

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਹਾਜ਼ਰ ਆਏ:-

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੌਰ | 4 | ਕੌਂਸਲਰ |
| 5 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 6 | ਹਰਪਾਲ ਸਿੰਘ | 7 | ਕੌਂਸਲਰ |
| 7 | ਪਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 8 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 9 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 10 | ਹਰਜਿੰਦਰ ਸਿੰਘ | 11 | ਕੌਂਸਲਰ |
| 11 | ਪੰਕਜ ਅਰੋੜਾ | 12 | ਕੌਂਸਲਰ |
| 12 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 13 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 14 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 15 | ਰਾਜਾ ਸਿੰਘ | 18 | ਕੌਂਸਲਰ |
| 16 | ਦਰਸ਼ਨ ਕੁਮਾਰ | 20 | ਕੌਂਸਲਰ |
| 17 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 18 | ਸੁਖਮਿੰਦਰ ਸਿੰਘ | 22 | ਕੌਂਸਲਰ |
| 19 | ਕਮਲੇਸ਼ ਰਾਣੀ | 23 | ਕੌਂਸਲਰ |
| 20 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 21 | ਦਰਸ਼ਨਾ ਰਾਣੀ | 26 | ਕੌਂਸਲਰ |
| 22 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 23 | ਤਰਲੋਚ ਸਿੰਘ | 29 | ਕੌਂਸਲਰ |
| 24 | ਰਾਮ ਦਾਸ | 30 | ਕੌਂਸਲਰ |
| 25 | ਪ੍ਰੀਤਮ ਕੌਰ | 31 | ਕੌਂਸਲਰ |
| 26 | ਸ਼ਾਮ ਲਾਲ ਜੈਨ | 32 | ਕੌਂਸਲਰ |
| 27 | ਕਰਮਜੀਤ ਕੌਰ | 34 | ਕੌਂਸਲਰ |
| 28 | ਸੰਜੇ | 35 | ਕੌਂਸਲਰ |
| 29 | ਜੁਗਰਾਜ ਸਿੰਘ | 36 | ਕੌਂਸਲਰ |
| 30 | ਹਰਜਿੰਦਰ ਸਿੰਘ | 37 | ਕੌਂਸਲਰ |
| 31 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 32 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 33 | ਛਿੰਦਰ ਕੌਰ | 40 | ਕੌਂਸਲਰ |
| 34 | ਅੰਜਨਾ ਰਾਣੀ | 41 | ਕੌਂਸਲਰ |
| 35 | ਪ੍ਰਦੀਪ ਗੋਇਲ | 42 | ਕੌਂਸਲਰ |
| 36 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 37 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 38 | ਸੁਖਵਿੰਦਰ ਕੌਰ | 45 | ਕੌਂਸਲਰ |
| 39 | ਹਰਵਿੰਦਰ ਕੁਮਾਰ | 46 | ਕੌਂਸਲਰ |
| 40 | ਨਿਰਮਲ ਕੌਰ | 47 | ਕੌਂਸਲਰ |
| 41 | ਗੁਰਮੀਤ ਕੌਰ | 49 | ਕੌਂਸਲਰ |
| 42 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

## ਨਗਰ ਨਿਗਮ ਬਠਿੰਡਾ ਦਾ ਸਾਲ 2016-2017 ਦੇ ਬਜਟ ਅਨੁਮਾਨ ਦਾ ਸਾਰ।

**ਆਮਦਨ :**

ਸਾਲ 2016-2017 ਲਈ ਕੁੱਲ ਆਮਦਨ 12117.15 ਲੱਖ ਰੁਪਏ ਤਜਵੀਜ ਕੀਤੀ ਗਈ ਹੈ, ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| ਲੜੀ ਨੰ: | ਮਦ ਦਾ ਨਾਮ | ਅਸਲ ਆਮਦਨ 2014-15 | ਬਜਟਡ ਆਮਦਨ 2015-16 | ਅਸਲ ਆਮਦਨ ਅਪਟੂ 31.12.15 | ਸੰਭਾਵਤ ਆਮਦਨ 2015-16 | ਬਜਟ % | ਸਾਲ 2016-17 ਲਈ ਤਜਵੀਜ ਆਮਦਨ |
|---|---|---|---|---|---|---|---|
| 1 | ਪੰਜਾਬ ਮਿਉਂਸਪਲ ਫੰਡ (ਵੈਟ) | 6454.89 | 7100.00 | 4761.80 | 6560.70 | 92 | 7217.00 |
| 2 | ਪ੍ਰਾਪਰਟੀ ਟੈਕਸ/ਹਾਊਸ ਟੈਕਸ | 642.91 | 750.00 | 1080.37 | 1406.43 | 188 | 1100.00 |
| 3 | ਫਾਇਰ ਸੈਸ | 24.87 | 14.00 | 43.60 | 46.60 | 333 | 50.00 |
| 4 | ਵਿਗਿਆਪਨ ਕਰ | 237.64 | 275.00 | 135.79 | 160.79 | 58 | 175.00 |
| 5 | ਰੈਂਟ | 108.61 | 130.13 | 89.60 | 119.60 | 92 | 131.30 |
| 6 | ਤਹਿਬਜਾਰੀ/ ਰਾਜੀਨਾਮਾ/ਪਾਰਕਿੰਗ | 23.99 | 28.25 | 15.60 | 22.60 | 80 | 25.00 |
| 7 | ਲਾਇਸੰਸ/ਵਹੀਕਲ ਫੀਸ | 4.65 | 6.60 | 7.35 | 8.75 | 133 | 10.00 |
| 8 | ਬਿਲਡਿੰਗ ਫੀਸ | 98.19 | 115.00 | 103.35 | 123.35 | 107 | 136.00 |
| 9 | ਬਿਲਡਿੰਗ ਰਾਜੀਨਾਮਾ | 50.17 | 75.00 | 34.97 | 44.97 | 60 | 60.00 |
| 10 | ਵਿਕਾਸ ਚਾਰਜਜ | 127.48 | 150.00 | 150.53 | 165.53 | 110 | 182.00 |
| 11 | ਚੈਂਜ਼ ਆਫ ਲੈਂਡ ਯੂਜ਼ | 151.65 | 170.00 | 110.14 | 115.14 | 68 | 120.00 |
| 12 | ਮਲਬਾ ਫੀਸ (ਬਿਲਡਿੰਗ ਸ਼ਾਖਾ) | 22.73 | 28.00 | 19.02 | 25.02 | 89 | 28.00 |
| 13 | ਵਾਟਰ ਸਪਲਾਈ ਚਾਰਜ਼ਜ਼ (ਬਿਲਡਿੰਗ ਸ਼ਾਖਾ) | 56.19 | 64.00 | 53.02 | 65.02 | 102 | 72.00 |
| 14 | ਕਾਓ ਸੈਸ | 31.03 | 200.00 | 193.91 | 293.91 | 147 | 325.00 |
| 15 | ਐਕਸਾਈਜ ਡਿਊਟੀ | 380.07 | 387.00 | | 387.00 | 100 | 400.00 |
| 16 | ਹੋਰ ਸਾਧਨ | 162.86 | 178.07 | 106.01 | 151.60 | 85 | 153.35 |
| | **ਜੋੜ (ੳ)** | **8577.93** | **9671.05** | **6905.06** | **9697.01** | **100** | **10184.65** |
| | **ਵਾਟਰ ਸਪਲਾਈ ਅਤੇ ਸੀਵਰੇਜ਼ ਤੋਂ ਆਮਦਨ** | | | | | | |
| 17 | ਵ/ਸ ਅਤੇ ਸੀਵਰੇਜ਼ (ਡਿਮਾਂਡ ਅਤੇ ਬਕਾਇਆਜਾਤ) | 510.88 | 780.00 | 447.80 | 597.80 | 77 | 761.00 |
| 18 | ਵ/ਸ ਅਤੇ ਸੀਵਰੇਜ਼ (ਹੋਰ ਵਸੀਲਿਆਂ ਤੋਂ ਆਮਦਨ) | 539.17 | 100.00 | 57.28 | 78.48 | 78 | 101.50 |
| | **ਜੋੜ (ਅ)** | **1050.05** | **880.00** | **505.08** | **676.28** | **77** | **862.50** |
| | **ਜੋੜ (ੳ+ਅ)** | **9627.98** | **10551.05** | **7410.14** | **10373.29** | **98** | **11047.15** |
| 19 | ਸੇਲ ਆਫ ਲੈਂਡ | 285.74 | 1000.00 | 110.00 | 110.00 | 11 | 1000.00 |
| 20 | ਬਿਲਡਿੰਗ ਰੈਗੂਲਰਾਈਜੇਸ਼ਨ | 217.42 | | **45.79** | **67.79** | | **70.00** |
| | **ਕੁੱਲ ਜੋੜ :** | **10131.14** | **11551.05** | **7565.93** | **10551.08** | **91** | **12117.15** |

ਸਾਲ 2016-2017 ਦੇ ਬਜਟ ਵਿੱਚ ਮੱਦਵਾਰ ਵਾਧੇ/ਘਾਟੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. **ਪੰਜਾਬ ਮਿਉਂਸਪਲ ਫੰਡ (ਵੈਟ ਦਾ 11%):**

ਇਸ ਮਦ ਅਧੀਨ ਸਾਲ 2015-2016 ਲਈ 7100.00 ਲੱਖ ਰੁਪਏ ਦੀ ਆਮਦਨ ਰਖੀ ਹੋਈ ਹੈ। ਮਿਤੀ 31.12.2015 ਤੱਕ ਇਸ ਮੱਦ ਅਧੀਨ ਸਰਕਾਰ ਤੋਂ ਪ੍ਰਾਪਤ ਵੈਟ ਦੀ ਆਮਦਨ 4761.80 ਲੱਖ ਰੁਪਏ ਹੋਈ ਹੈ। ਸਾਲ 2015-2016 ਵਿੱਚ ਇਸ ਮੱਦ ਅਧੀਨ 6560.70 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ, ਜੋ ਬਜਟ ਦਾ 92% ਹੋਵੇਗੀ। ਸਾਲ 2016-2017 ਵਾਸਤੇ ਸੰਭਾਵਤ ਕੁੱਲ ਆਮਦਨ ਵਿੱਚ 10% ਦਾ ਵਾਧਾ ਕਰਕੇ 7217.00 ਲੱਖ ਰੁਪਏ ਤਜਵੀਜ ਕੀਤੀ ਗਈ ਹੈ।

2. **ਪ੍ਰਾਪਰਟੀ ਟੈਕਸ/ਹਾਊਸ ਟੈਕਸ** :

ਮਿਤੀ 01.04.2015 ਨੂੰ ਹਾਊਸ ਟੈਕਸ ਦਾ ਬਕਾਇਆਜਾਤ 612.40 ਲੱਖ ਰੁਪਏ ਸੀ। ਇਸ ਵਿੱਚੋਂ 281.99 ਲੱਖ ਰੁਪਏ ਦੇ ਕੋਰਟ ਕੇਸ ਵੱਖ-ਵੱਖ ਮਾਨਯੋਗ ਅਦਾਲਤਾਂ ਵਿੱਚ ਚਲ ਰਹੇ ਸਨ। ਇਸ ਤਰ੍ਹਾ ਮਿਤੀ 01.04.2015 ਨੂੰ ਵਸੂਲਣਯੋਗ ਰਕਮ 330.41 ਲੱਖ ਰੁਪਏ ਰਹਿ ਜਾਂਦੀ ਹੈ। ਇਸ ਬਕਾਇਆਜਾਤ ਵਿੱਚੋਂ ਮਿਤੀ 31.01.2016 ਤੱਕ 69.67 ਲੱਖ ਰੁਪਏ ਵਸੂਲ ਹੋ ਚੁੱਕੇ ਹਨ ਅਤੇ ਸਾਲ 2015-16 ਵਿੱਚ 125.00 ਲੱਖ ਰੁਪਏ ਹੋਰ ਵਸੂਲ ਹੋਣ ਦੀ ਸੰਭਾਵਨਾਂ ਹੈ। ਇਸ ਤਰ੍ਹਾਂ ਇਹ ਬਕਾਇਆਜਾਤ 135.74 ਲੱਖ ਰੁਪਏ ਰਹਿਣ ਦੀ ਸੰਭਾਵਨਾਂ ਹੈ।

ਪੰਜਾਬ ਸਰਕਾਰ ਵੱਲੋਂ ਹਾਊਸ ਟੈਕਸ ਦੀ ਥਾਂ ਤੇ ਮਿਤੀ 01.04.2013 ਤੋਂ ਪ੍ਰਾਪਰਟੀ ਟੈਕਸ ਲਾਗੂ ਕੀਤਾ ਗਿਆ ਹੈ। ਨਗਰ ਨਿਗਮ ਬਠਿੰਡਾ ਵਿਖੇ ਜੀ.ਆਈ.ਐਸ. ਸਰਵੇ ਅਨੁਸਾਰ 53,871 ਰਿਹਾਇਸ਼ੀ ਮਕਾਨ, 15,818 ਵਪਾਰਕ ਯੂਨਿਟ ਅਤੇ 24,067 ਖਾਲੀ ਪਲਾਟਾਂ ਤੋਂ ਇਲਾਵਾ 1673 ਧਾਰਮਿਕ ਅਸਥਾਨ/ਗਰੀਨ ਬੈਲਟਾਂ ਸਮੇਤ ਕੁੱਲ 95,429 ਯੂਨਿਟ ਹਨ। ਇਹਨਾਂ ਯੂਨਿਟਾਂ ਵਿੱਚੋਂ 31,636 ਰਿਹਾਇਸ਼ੀ ਮਕਾਨ ਅਤੇ 15,818 ਵਪਾਰਕ ਯੂਨਿਟ, ਕੁੱਲ 47,454 ਯੂਨਿਟਾਂ ਪਾਸੋਂ ਪ੍ਰਾਪਰਟੀ ਟੈਕਸ ਵਸੂਲਣਯੋਗ ਹੈ। ਬਾਕੀ 22,235 ਰਿਹਾਇਸ਼ੀ ਮਕਾਨ ਜੋ 50 ਵ: ਗੱਜ਼ ਅਤੇ 125 ਵ: ਗੱਜ਼ ਸਿੰਗਲ ਸਟੋਰੀ ਮਕਾਨਾਂ ਤੋਂ ਇਲਾਵਾ 24,067 ਖਾਲੀ ਪਲਾਟਾਂ ਸਮੇਤ 1673 ਧਾਰਮਿਕ ਅਸਥਾਨ/ਗਰੀਨ ਬੈਲਟਾਂ ਆਦਿ ਕੁੱਲ 47,975 ਯੂਨਿਟ ਮੁਆਫੀ ਅਧੀਨ ਆਉਂਦੇ ਹਨ।

ਸਰਕਾਰ ਵੱਲੋਂ ਸਾਲ 2015-16 ਵਿੱਚ ਹਾਊਸ ਟੈਕਸ ਅਤੇ ਪ੍ਰਾਪਰਟੀ ਟੈਕਸ ਦਾ 750.00 ਲੱਖ ਰੁਪਏ ਬਜਟ ਟੀਚਾ ਪ੍ਰਵਾਨ ਕੀਤਾ ਗਿਆ ਸੀ, ਜਿਸ ਵਿੱਚੋਂ ਸਾਲ 2013-14 ਦਾ 151.61 ਲੱਖ ਰੁਪਏ, ਸਾਲ 2014-15 ਦਾ 245.56 ਲੱਖ ਰੁਪਏ ਅਤੇ ਸਾਲ 2015-16 ਦੇ 537.98 ਲੱਖ ਰੁਪਏ ਤੋਂ ਇਲਾਵਾ ਵਿਆਜ ਅਤੇ ਜੁਰਮਾਨਾ ਸਮੇਤ ਕੁੱਲ 1131.43 ਲੱਖ ਰੁਪਏ ਮਿਤੀ 31.01.2016 ਤੱਕ ਵਸੂਲ ਹੋ ਚੁੱਕੇ ਹਨ। ਰੇਲਵੇ ਵਿਭਾਗ ਪਾਸੋਂ ਮਿਤੀ 31.03.2016 ਤੱਕ ਹਾਊਸ ਟੈਕਸ/ਸਰਵਿਸ ਚਾਰਜ਼ਿਜ਼ ਦੇ ਬਕਾਇਆਜਤ ਵਿੱਚੋਂ 125.00 ਲੱਖ ਰੁਪਏ ਅਤੇ ਪ੍ਰਾਪਰਟੀ ਟੈਕਸ ਵਿੱਚੋਂ 150.00 ਲੱਖ ਰੁਪਏ ਹੋਰ ਆਮਦਨ ਪ੍ਰਾਪਤ ਹੋਣ ਦਾ ਅਨੁਮਾਨ ਹੈ। ਇਸ ਤਰ੍ਹਾਂ ਸਾਲ 2015-16 ਦੀ ਪ੍ਰਾਪਰਟੀ ਟੈਕਸ/ਹਾਊਸ ਟੈਕਸ ਤੋਂ ਕੁੱਲ 1406.43 ਲੱਖ ਰੁਪਏ ਹੋਣ ਦੀ ਸੰਭਾਵਨਾਂ ਹੈ।

ਸਾਲ 2016-17 ਵਿੱਚੋ ਹਾਊਸ ਟੈਕਸ/ਸਰਵਿਸ ਚਾਰਜ਼ਿਜ਼ ਦੇ ਬਕਾਇਆਜਾਤ ਵਿੱਚੋਂ 45.00 ਲੱਖ ਰੁਪਏ ਅਤੇ ਪ੍ਰਾਪਰਟੀ ਟੈਕਸ ਤੋਂ ਸਾਲ 2013-14 ਦੇ 50.00 ਲੱਖ ਰੁਪਏ, ਸਾਲ 2014-15 ਦੇ 100.00 ਲੱਖ ਰੁਪਏ, ਸਾਲ 2015-16 ਦੇ 100.00 ਲੱਖ ਰੁਪਏ ਅਤੇ ਸਾਲ 2016-17 ਦੇ ਕੁੱਲ ਸੰਭਾਵਿਤ ਪ੍ਰਾਪਰਟੀ ਟੈਕਸ ਦੇ 1150.00 ਲੱਖ ਰੁਪਏ ਵਿੱਚੋਂ 70% ਦੇ ਹਿਸਾਬ ਨਾਲ ਕੁੱਲ 805.00 ਲੱਖ ਰੁਪਏ ਵਸੂਲ ਹੋਣ ਦੀ ਸੰਭਾਵਨਾਂ ਹੈ। ਇਸ ਤਰ੍ਹਾਂ ਕੁੱਲ 1100.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

3. **ਫਾਇਰ ਸੈਸ:**

ਸਰਕਾਰ ਵੱਲੋਂ ਫਾਇਰ ਸੈਸ ਸਿਰਫ ਵਪਾਰਕ ਅਦਾਰਿਆਂ ਤੇ ਹੀ ਬਣਦੇ ਪ੍ਰਾਪਰਟੀ ਟੈਕਸ ਦਾ ਸਿਰਫ 5% ਵਸੂਲ ਕੀਤਾ ਜਾਂਦਾ ਹੈ। ਇਸ ਮਦ ਅਧੀਨ ਸਾਲ 2014-2015 ਦੌਰਾਨ 24.87 ਲੱਖ ਰੁਪਏ ਦੀ ਆਮਦਨ ਹੋਈ ਅਤੇ ਸਾਲ 2015-2016 ਲਈ 14.00 ਲੱਖ ਰੁਪਏ ਦੀ ਆਮਦਨ ਰਖੀ ਹੋਈ ਹੈ। ਮਿਤੀ 31.12.2015 ਤੱਕ ਇਸ ਮਦ ਅਧੀਨ 43.60 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2015-2016 ਵਿਚ ਇਸ ਮਦ ਅਧੀਨ 46.60 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ ਇਸ ਮੱਦ ਅਧੀਨ 50.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

4. **ਵਿਗਿਆਪਨ ਕਰ**

ਇਸ ਮਦ ਅਧੀਨ ਸਾਲ 2014-2015 ਦੌਰਾਨ 237.64 ਲੱਖ ਰੁਪਏ ਦੀ ਆਮਦਨ ਹੋਈ ਅਤੇ ਸਾਲ 2015-2016 ਲਈ 275.00 ਲੱਖ ਰੁਪਏ ਦੀ ਆਮਦਨ ਰਖੀ ਹੋਈ ਹੈ। ਮਿਤੀ 31.12.2015 ਤੱਕ ਇਸ ਮਦ ਅਧੀਨ 135.79 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2015-2016 ਵਿਚ ਇਸ ਮਦ ਅਧੀਨ 160.79 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਆਮਦਨ ਦੇ ਘੱਟ ਹੋਣ ਸਬੰਧੀ ਦਸਿਆ ਜਾਂਦਾ ਹੈ ਕਿ ਨਿਗਮ ਦੇ 25 ਡਾਇਰੈਕਸ਼ਨ ਬੋਰਡ, 30 ਯੂਨੀਪੋਲ, 1 ਬੈਕਲਿਟ ਟਾਵਰ ਅਤੇ 1 ਪਬਲਿਕ ਯੂਟੀਲਿਟੀ ਖਾਲੀ ਹਨ। ਇਹ ਸਾਈਟਸ ਨਿਗਮ ਵੱਲੋਂ ਵਾਰ-ਵਾਰ ਟੈਂਡਰ ਅਤੇ ਬੋਲੀ ਕਰਵਾਉਣ ਉਪਰੰਤ ਵੀ ਠੇਕੇ ਤੇ ਨਹੀਂ ਲੱਗੀਆਂ। ਸਾਈਟਸ ਖਾਲੀ ਰਹਿਣ ਕਾਰਨ ਸਾਲ 2015-16 ਦਾ ਬਜਟ ਟੀਚਾ ਪ੍ਰਾਪਤ ਨਹੀਂ ਕੀਤਾ ਜਾ ਸਕਿਆ। ਸਾਲ

2016-2017 ਦੌਰਾਨ ਖਾਲੀ ਸਾਈਟਸ ਨੂੰ ਠੇਕੇ ਤੇ ਦੇਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਕਤ ਦੇ ਮੱਦੇ ਨਜ਼ਰ ਸਾਲ 2016-17 ਲਈ ਇਸ ਮੱਦ ਅਧੀਨ 175.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

5. **ਰੈਂਟ** :

ਸਾਲ 2015-2016 ਵਿਚ ਨਗਰ ਨਿਗਮ ਦੀਆਂ 392 ਦੁਕਾਨਾਂ ਹਨ। ਦੁਕਾਨਾਂ ਦੇ ਕਿਰਾਏ ਦੀ ਡਿਮਾਂਡ ਅਤੇ ਰੋਜ਼ ਗਾਰਡਨ ਵਿਖੇ ਦਿੱਤੇ ਗਏ ਕੰਨਟੀਨ, ਅੱਪੂ ਘਰ ਆਦਿ ਦੇ ਠੇਕੇ ਤੋਂ ਪ੍ਰਾਪਤ ਠੇਕੇ ਦੀ ਰਕਮ ਦੀ ਕੁੱਲ ਡਿਮਾਂਡ 113.60 ਲੱਖ ਰੁਪਏ ਦੀ ਸੀ ਅਤੇ ਮਿਤੀ 01/04/2015 ਨੂੰ 38.47 ਲੱਖ ਰੁਪਏ ਦੇ ਬਕਾਇਆ ਜਾਤ ਸਨ। ਇਸ ਤਰਾਂ ਨਾਲ 2015-2016 ਵਿਚ ਕੁੱਲ ਵਸੂਲਣ ਯੋਗ ਰਕਮ 152.07 ਲੱਖ ਰੁਪਏ ਬਣਦੀ ਹੈ। ਇਸ ਮਦ ਅਧੀਨ ਮਿਤੀ 31.03.2016 ਤੱਕ 119.60 ਲੱਖ ਰੁਪਏ ਦੀ ਵਸੂਲੀ ਹੋਣ ਦੀ ਸੰਭਾਵਨਾਂ ਹੈ। ਬਾਕੀ ਵਸੂਲਣਯੋਗ ਰਕਮ 32.47 ਲੱਖ ਰੁਪਏ ਬਣਦੀ ਹੈ। ਇਸ ਸਮੇਂ ਨਗਰ ਨਿਗਮ ਦੇ 9.75 ਲੱਖ ਰੁਪਏ ਦੇ ਕੇਸ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਅਤੇ 9.42 ਲੱਖ ਰੁਪਏ ਦੇ ਕੇਸ ਪੀ.ਪੀ.ਐਕਟ ਅਧੀਨ ਮਾਨਯੋਗ ਕੋਰਟ ਵਿਖੇ ਚੱਲ ਰਹੇ ਹਨ। ਇਸ ਤਰਾਂ ਮਿਤੀ 01.04.2016 ਨੂੰ ਅਸਲ ਬਕਾਇਆ ਜਾਤ ਰਕਮ 13.30 ਲੱਖ ਰੁਪਏ ਰਹਿ ਜਾਂਦੀ ਹੈ। ਸਾਲ 2016-2017 ਲਈ ਰੈਂਟ ਸ਼ਾਖਾ ਦੀ ਡਿਮਾਂਡ 118.00 ਲੱਖ ਰੁਪਏ ਅਤੇ ਬਕਾਇਆ ਜਾਤ 13.30 ਲੱਖ ਰੁਪਏ ਕੁੱਲ 131.30 ਲੱਖ ਰੁਪਏ ਆਮਦਨ ਤਜਵੀਜ ਕੀਤੀ ਜਾਂਦੀ ਹੈ।

6. **ਤਹਿਬਜਾਰੀ (ਰਾਜੀਨਾਮਾ ਫੀਸ)/ਪਾਰਕਿੰਗ ਫੀਸ** :

ਇਸ ਮਦ ਅਧੀਨ ਸਾਲ 2014-2015 ਦੌਰਾਨ 23.99 ਲੱਖ ਰੁਪਏ ਦੀ ਆਮਦਨ ਹੋਈ ਅਤੇ ਸਾਲ 2015-2016 ਲਈ 28.25 ਲੱਖ ਰੁਪਏ ਦੀ ਆਮਦਨ ਰਖੀ ਹੋਈ ਹੈ। ਮਿਤੀ 31.12.2015 ਤੱਕ ਇਸ ਮਦ ਅਧੀਨ 15.60 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2015-2016 ਵਿਚ ਇਸ ਮਦ ਅਧੀਨ 22.60 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸੰਭਾਵਤ ਆਮਦਨ ਵਿਚ 10% ਦਾ ਵਾਧਾ ਕਰਕੇ ਸਾਲ 2016-2017 ਲਈ ਇਸ ਮਦ ਅਧੀਨ 25.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

7. **ਲਾਇਸੰਸ/ਵਹੀਕਲ ਫੀਸ** :

ਇਸ ਮਦ ਅਧੀਨ 2014-2015 ਦੌਰਾਨ 4.65 ਲੱਖ ਰੁਪਏ ਦੀ ਆਮਦਨ ਹੋਈ ਹੈ।ਸਾਲ 2015-2016 ਲਈ 6.60 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2015 ਤੱਕ ਇਸ ਮੱਦ ਅਧੀਨ ਕੁੱਲ 7.35 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2015-2016 ਦੌਰਾਨ ਇਸ ਮਦ ਅਧੀਨ 8.75 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ ਇਸ ਮਦ ਅਧੀਨ ਸੰਭਾਵਤ ਆਮਦਨ ਵਿੱਚ 10% ਦਾ ਵਾਧਾ ਕਰਕੇ 10.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

8. **ਬਿਲਡਿੰਗ ਫੀਸ** :

ਇਸ ਮਦ ਅਧੀਨ 2014-2015 ਦੌਰਾਨ 98.19 ਲੱਖ ਰੁਪਏ ਦੀ ਆਮਦਨ ਹੋਈ ਹੈ।ਸਾਲ 2015-2016 ਲਈ 115.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2015 ਤੱਕ ਇਸ ਮੱਦ ਅਧੀਨ ਕੁੱਲ 103.35 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2015-2016 ਦੌਰਾਨ ਇਸ ਮਦ ਅਧੀਨ 123.35 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ ਇਸ ਮਦ ਅਧੀਨ ਸੰਭਾਵਤ ਆਮਦਨ ਵਿੱਚ 10% ਦਾ ਵਾਧਾ ਕਰਕੇ 136.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

9. **ਬਿਲਡਿੰਗ ਰਾਜੀਨਾਮਾ ਫੀਸ** :

ਇਸ ਮਦ ਅਧੀਨ 2014-2015 ਦੌਰਾਨ 50.17 ਲੱਖ ਰੁਪਏ ਦੀ ਆਮਦਨ ਹੋਈ ਹੈ। ਸਾਲ 2015-2016 ਲਈ 75.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2015 ਤੱਕ 34.97 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2015-2016 ਦੌਰਾਨ ਬਿਲਡਿੰਗ ਰੈਗੂਲਰਾਇਜ਼ੇਸ਼ਨ ਸਕੀਮ ਦੇ ਲਾਗੂ ਰਹਿਣ ਕਾਰਨ ਇਸ ਮਦ ਅਧੀਨ ਸਿਰਫ 44.97 ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਵਿੱਚ ਇਸ ਮਦ ਅਧੀਨ 60.00 ਲੱਖ ਰੁਪਏ ਆਮਦਨ ਤਜਵੀਜ ਕੀਤੀ ਗਈ ਹੈ।

10. **ਵਿਕਾਸ ਚਾਰਜਜ** :

ਇਸ ਮਦ ਅਧੀਨ 2014-2015 ਦੌਰਾਨ 127.48 ਲੱਖ ਰੁਪਏ ਦੀ ਆਮਦਨ ਹੋਈ ਹੈ। ਸਾਲ 2015-2016 ਲਈ 150.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2015 ਤੱਕ ਇਸ ਮੱਦ ਅਧੀਨ 150.53 ਲਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2015-2016 ਦੌਰਾਨ ਇਸ ਮਦ ਅਧੀਨ 165.53 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਇਸ ਮੱਦ ਅਧੀਨ ਸਾਲ 2016-2017 ਲਈ ਇਸ ਮੱਦ ਵਿੱਚ 10% ਦਾ ਵਾਧਾ ਕਰਦੇ ਹੋਏ 182.00 ਲੱਖ ਰੁਪਏ ਆਮਦਨ ਤਜਵੀਜ ਕੀਤੀ ਗਈ ਹੈ।

11. **ਚੈਂਜ਼ ਆਫ ਲੈਂਡ ਯੂਜ਼ :**
ਇਸ ਮਦ ਅਧੀਨ ਸਾਲ 2014-2015 ਦੋਰਾਨ 151.65 ਲੱਖ ਰੁਪਏ ਦੀ ਆਮਦਨ ਹੋਈ ਸੀ। ਸਾਲ 2015-2016 ਲਈ 170.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2015 ਤੱਕ 110.14 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2015-2016 ਦੋਰਾਨ ਇਸ ਮਦ ਅਧੀਨ 115.14 ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾਂ ਹੈ। ਸਰਕਾਰ ਦੇ ਪੱਤਰ ਮੀਮੋ ਨੰ: Dir. T.P. (LG) - 2014-1552 ਮਿਤੀ 26.08.2014 ਅਨੁਸਾਰ ਨਾਨ-ਸਕੀਮ ਏਰੀਏ ਵਿੱਚ ਸੀ.ਐਲ.ਯੂ. ਦੇ ਰੇਟ ਘਟਾਏ ਗਏ ਹਨ। ਇਸ ਲਈ ਸਾਲ 2016-2017 ਲਈ ਇਸ ਮੱਦ ਅਧੀਨ 120.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

12. **ਮਲਬਾ ਫੀਸ (ਬਿਲਡਿੰਗ ਸ਼ਾਖਾ) :**
ਇਸ ਮੱਦ ਅਧੀਨ ਸਾਲ 2014-2015 ਦੋਰਾਨ 22.73 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2015-2016 ਦੋਰਾਨ ਇਸ ਮਦ ਅਧੀਨ 28.00 ਲੱਖ ਰੁਪਏ ਦਾ ਨਿਗਮ ਵੱਲੋਂ ਬਜਟ ਟੀਚਾ ਰੱਖਿਆ ਗਿਆ ਸੀ। ਮਿਤੀ 31.12.2015 ਤੱਕ ਇਸ ਮੱਦ ਅਧੀਨ 19.02 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ 2015-2016 ਦੋਰਾਨ 25.02 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ ਇਸ ਮਦ ਅਧੀਨ 10% ਦਾ ਵਾਧਾ ਕਰਦੇ ਹੋਏ 28.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

13. **ਵਾਟਰ ਸਪਲਾਈ ਚਾਰਜ਼ਜ਼ (ਬਿਲਡਿੰਗ ਸ਼ਾਖਾ) :**
ਇਸ ਮਦ ਅਧੀਨ ਸਾਲ 2014-2015 ਦੋਰਾਨ 56.19 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2015-2016 ਦੋਰਾਨ ਇਸ ਮਦ ਅਧੀਨ 64.00 ਲੱਖ ਰੁਪਏ ਦੀ ਬਜਟ ਆਮਦਨ ਪ੍ਰਵਾਨ ਹੈ। ਮਿਤੀ 31.12.2015 ਤੱਕ ਇਸ ਮੱਦ ਅਧੀਨ 53.02 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ 2015-2016 ਦੋਰਾਨ 65.02 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ ਇਸ ਮਦ ਅਧੀਨ 10% ਦਾ ਵਾਧਾ ਕਰਦੇ ਹੋਏ 72.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

14. **ਕਾਊ ਸੈਸ:**
ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 6/80/2013-5ਸਸ1/225136/3-11 ਮਿਤੀ 22.05.2014 ਅਨੁਸਾਰ ਨਗਰ ਨਿਗਮ ਬਠਿੰਡਾ ਵੱਲੋਂ ਦੀ ਪੰਜਾਬ ਰਪੋਹਿਬਸ਼ੇਨ ਆਫ ਕਾਓਜ਼ ਸਲਾਟਰ ਐਕਟ 1955 (15 ਤੋਂ 1956) ਦੀ ਧਾਰਾ 7 ਅਧੀਨ ਆਪਣੇ ਮਤਾ ਨੰਬਰ 5 ਮਿਤੀ 05.08.2013 ਰਾਹੀ ਕਾਓ ਸੈਸ ਲਗਾਉਣਾ ਪ੍ਰਵਾਨ ਕੀਤਾ ਹੈ। ਇਸ ਸਬੰਧੀ ਤੇਲ ਟੈਂਕਰ, ਸ਼ਰਾਬ ਅੰਗਰੇਜੀ, ਸ਼ਰਾਬ ਦੇਸੀ, ਸੀਮਿੰਟ ਪ੍ਰਤੀ ਬੈਗ, ਬਿਜਲੀ ਪ੍ਰਤੀ ਯੂਨਿਟ, ਮੈਰਿਜ ਪੈਲੇਸ, ਫੋਰ ਵੀਲਰ ਅਤੇ ਟੂ ਵੀਲਰ ਦੀ ਹੋਣ ਵਾਲੀ ਵਿਕਰੀ ਤੇ ਕਾਊ ਸੈਸ ਚਾਰਜ਼ ਕੀਤਾ ਜਾਣਾ ਹੈ। ਸਾਲ 2015-2016 ਲਈ 200.00 ਲੱਖ ਰੁਪਏ ਦੇ ਮਿੱਥੇ ਟੀਚੇ ਵਿਰੁੱਧ ਮਿਤੀ 31.12.2015 ਤੱਕ 193.91 ਲੱਖ ਰੁਪਏ ਦੀ ਆਮਦਨ ਹੋਈ ਹੈ। ਸਾਲ 2015-2016 ਦੋਰਾਨ ਇਸ ਮੱਦ ਅਧੀਨ 293.91 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ 325.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

15. **ਐਕਸਾਇਜ ਡਿਊਟੀ :**
ਸਾਲ 2014-2015 ਲਈ 380.07 ਲੱਖ ਰੁਪਏ ਅਤੇ ਸਾਲ 2015-2016 ਲਈ ਇਸ ਮਦ ਅਧੀਨ 387.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਸੀ, ਜਿਸ ਵਿੱਚੋਂ ਸਾਲ 2015-2016 ਦੋਰਾਨ 193.55 ਲੱਖ ਰੁਪਏ ਪ੍ਰਾਪਤ ਹੋ ਚੁੱਕੇ ਹਨ ਅਤੇ ਕੁੱਲ 387.00 ਲੱਖ ਰੁਪਏ ਪ੍ਰਾਪਤ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ ਇਸ ਮੱਦ ਅਧੀਨ 400.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

16. **ਹੋਰ ਸਾਧਨ :**
ਇਸ ਮਦ ਅਧੀਨ ਸਾਲ 2014-2015 ਵਿਚ 162.06 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2015-2016 ਲਈ 178.07 ਲੱਖ ਰੁਪਏ ਦੀ ਆਮਦਨ ਬਜਟ ਵਿਚ ਰਖੀ ਹੈ, ਜਿਸ ਵਿਚ ਸ਼ੋਅ ਟੈਕਸ, ਮੰਨੋਰੰਜਨ ਕਰ, ਸਲਾਟਰ, ਮੁਰਦਾ ਪਸ਼ੂ, ਪਿਓਰ ਫੂਡ, ਫਾਇਰ ਕਾਲ ਚਾਰਜਜ, ਬੈਂਕਾ ਤੋਂ ਪ੍ਰਾਪਤ ਸੇਵਿੰਗ ਖਾਤਿਆਂ ਤੇ ਵਿਆਜ਼, ਵ/ਸ ਫੁਟਕਲ ਅਤੇ ਅਨਕਲਾਸੀਫਾਇਡ ਚਾਰਜਜ ਆਦਿ ਵੀ ਸ਼ਾਮਲ ਹਨ। ਸਾਲ 2015-2016 ਵਿਚ ਇਸ ਮੱਦ ਅਧੀਨ 151.60 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ ਇਸ ਮੱਦ ਅਧੀਨ 153.35 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

17 ਅਤੇ 18 **ਵਾਟਰ ਸਪਲਾਈ ਅਤੇ ਸੀਵਰੇਜ :**
ਨਗਰ ਨਿਗਮ ਬਠਿੰਡਾ ਦੇ ਪਾਣੀ ਅਤੇ ਸੀਵਰੇਜ਼ ਦੇ 59900 ਰੈਗੂਲਰ ਕੁਨੈਕਸ਼ਨ ਹਨ। ਇਸ ਵਿੱਚ 24400 ਅਜਿਹੇ ਕੂਨੈਕਸ਼ਨ ਹਨ, ਜਿੰਨ੍ਹਾਂ ਦਾ ਰਕਬਾ 125 ਵੱ: ਗੱਜ਼ ਤੋਂ ਘੱਟ ਹੈ। ਪੰਜਾਬ ਸਰਕਾਰ ਵੱਲੋਂ ਅਜਿਹੇ ਰਿਹਾਇਸ਼ੀ ਕੂਨੈਕਸ਼ਨਾਂ ਤੇ ਪਾਣੀ/ਸੀਵਰੇਜ਼ ਬਿਲ ਮੁਆਫ ਕੀਤਾ ਹੋਇਆ ਹੈ। ਇਸ ਤਰ੍ਹਾਂ ਬਿਲ ਵਸੂਲ ਕੀਤੇ ਜਾਣ ਵਾਲੇ ਕੂਨੈਕਸ਼ਨਾਂ ਦੀ ਗਿਣਤੀ 35500 ਰਹਿ ਜਾਂਦੀ ਹੈ।

ਪੰਜਾਬ ਸਰਕਾਰ ਵੱਲੋਂ ਮਿਤੀ 31.12.2015 ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਅਨੁਸਾਰ ਵਾਟਰ/ਸੀਵਰ ਦੀ ਵਸੂਲੀ ਬਿਜਲੀ ਦੇ ਬਿਲਾਂ ਨਾਲ ਜੋੜ੍ਹ ਦਿੱਤੀ ਗਈ ਹੈ, ਜਿਸ ਵਿੱਚ ਸ਼ਡਿਊਲ ਅਨੁਸਾਰ ਰਿਹਾਇਸ਼ੀ ਕੈਟੇਗਰੀ ਅਧੀਨ ਬਿਜਲੀ ਦੀ 200/- ਰੁਪਏ ਪ੍ਰਤੀ ਮਹੀਨਾ ਦੀ ਖਪਤ ਤੋਂ 10000/- ਰੁਪਏ ਤੋਂ ਵੱਧ ਖਪਤ ਤੱਕ 25/- ਰੁਪਏ ਤੋਂ 500/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਬਿੱਲ ਦੀ ਵਸੂਲੀ ਕੀਤੀ ਜਾਵੇਗੀ। ਗੈਰ ਰਿਹਾਇਸ਼ੀ ਕੈਟੇਗਰੀ ਤੇ 200/- ਰੁਪਏ ਪ੍ਰਤੀ ਮਹੀਨਾ ਦੀ ਖਪਤ ਤੋਂ 5000/- ਰੁਪਏ ਤੋਂ ਵੱਧ ਖਪਤ ਤੱਕ 25/- ਰੁਪਏ ਤੋਂ 300/- ਰੁਪਏ ਤੱਕ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਪਾਣੀ/ਸੀਵਰੇਜ਼ ਦੇ ਬਿਲਾਂ ਦੀ ਵਸੂਲੀ ਕੀਤੀ ਜਾਵੇਗੀ। ਕਿਉਂ ਜੋ ਇਸ

ਨੋਟੀਫਿਕੇਸ਼ਨ ਅਨੁਸਾਰ ਵਾਟਰ/ਸੀਵਰੇਜ਼ ਚਾਰਜਿਜ਼ ਨੂੰ ਬਿਜਲੀ ਦੀ ਖਪਤ ਨਾਲ ਜੋੜ੍ਹ ਦਿੱਤਾ ਗਿਆ ਹੈ। ਇਸ ਲਈ ਕੈਟੇਗਰੀ ਵਾਇਜ਼ ਬਿਜਲੀ ਦੀ ਖਪਤ ਹੋਣ ਵਾਲੀ ਮਾਤਰਾ ਪਤਾ ਲੱਗਣ ਤੇ ਹੀ ਸਾਲ 2016-2017 ਦੋਰਾਨ ਵਾਟਰ/ਸੀਵਰੇਜ਼ ਦੀ ਸੰਭਾਵਤ ਡਿਮਾਂਡ ਤਜਵੀਜ ਕੀਤੀ ਜਾ ਸਕਦੀ ਹੈ। ਇਸ ਸਬੰਧੀ ਕਾਰਜਕਾਰੀ ਇੰਜੀਨੀਅਰ, ਪੀ.ਐਸ.ਪੀ.ਸੀ.ਐਲ ਨੂੰ ਵਖਰੇ ਤੋਰ ਤੇ ਪੱਤਰ ਲਿਖਿਆ ਗਿਆ ਸੀ, ਜਿਸ ਦੇ ਜਵਾਬ ਵਿੱਚ ਉਹਨਾਂ ਵੱਲੋਂ ਸੂਚਨਾਂ ਭੇਜੀ ਗਈ ਹੈ ਕਿ ਨਿਗਮ ਹਦੂਦ ਵਿੱਚ ਕੁੱਲ 43062 ਕੁਨੈਕਸ਼ਨ ਹਨ। ਇਸ ਲਈ ਔਸਤ ਪ੍ਰਤੀ ਕੁਨੈਕਸ਼ਨ 125/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ 1500/- ਰੁਪਏ ਸਲਾਨਾ ਪਾਣੀ/ਸੀਵਰੇਜ਼ ਦੇ ਬਿਲ ਲਏ ਜਾਣ ਤਾਂ ਲਗਭਗ 646.00 ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾਂ ਹੈ।

ਸਾਲ 2015-16 ਦੋਰਾਨ ਮਿਤੀ 01.04.2015 ਨੂੰ 1227.76 ਲੱਖ ਰੁਪਏ ਬਕਾਇਆਜਾਤ ਸਨ ਅਤੇ ਡਿਮਾਂਡ 518.00 ਲੱਖ ਰੁਪਏ ਕੁੱਲ 1745.76 ਲੱਖ ਰੁਪਏ ਸਨ। ਮਿਤੀ 31.12.2015 ਤੱਕ ਕੁੱਲ 447.80 ਲੱਖ ਰੁਪਏ ਦੀ ਵਸੂਲੀ ਹੋ ਚੁੱਕੀ ਹੈ ਅਤੇ ਸਾਲ 2015-2016 ਦੋਰਾਨ 597.80 ਲੱਖ ਰੁਪਏ ਦੀ ਵਸੂਲੀ ਹੋਣ ਦੀ ਸੰਭਾਵਨਾਂ ਹੈ। ਇਸ ਤਰ੍ਹਾਂ ਸਾਲ 2015-16 ਦੋਰਾਨ 1147.96 ਲੱਖ ਰੁਪਏ ਬਕਾਇਆਜਾਤ ਰਹਿ ਜਾਂਦੇ ਹਨ। ਸਾਲ 2016-17 ਲਈ ਬਕਾਇਆਜਾਤ ਦੇ 10% ਦੇ ਹਿਸਾਬ ਨਾਲ 115.00 ਲੱਖ ਰੁਪਏ ਅਤੇ ਬਿਜਲੀ ਦੇ ਬਿਲਾਂ ਨਾਲ ਜੋੜ੍ਹਨ ਤੇ 646.00 ਲੱਖ ਰੁਪਏ ਦੀ ਵਸੂਲੀ ਹੋਣ ਤੇ ਕੁੱਲ 761.00 ਲੱਖ ਰੁਪਏ ਦੀ ਬਜਟ ਆਮਦਨ ਤਜਵੀਜ ਕੀਤੀ ਜਾਂਦੀ ਹੈ।

ਵਾਟਰ ਸਪਲਾਈ ਅਤੇ ਸੀਵਰੇਜ਼ ਦੀਆਂ ਹੋਰ ਮੱਦਾਂ ਜਿਵੇਂ ਕਿ ਸ਼ੇਅਰ ਕਾਸਟ, ਰੋਡ ਕਟਿੰਗ, ਸਕਿਊਰਟੀ, ਰਾਜੀਨਾਮਾ ਫੀਸ, ਸਰਚਾਰਜ਼ ਅਤੇ ਵਿਆਜ਼ ਤੋਂ ਸਾਲ 2015-16 ਦੋਰਾਨ 100.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਸੀ, ਜਿਸ ਵਿੱਚੋਂ ਮਿਤੀ 31.12.2015 ਤੱਕ 57.28 ਲੱਖ ਰੁਪਏ ਦੀ ਆਮਦਨ ਹੋ ਚੁੱਕੀ ਹੈ ਅਤੇ ਸਾਲ 2015-16 ਦੋਰਾਨ 78.48 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ 101.50 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

19. **ਸੇਲ ਆਫ ਲੈਂਡ**

ਨਗਰ ਸੁਧਾਰ ਟਰੱਸਟ ਨੂੰ ਵੇਚੀ ਗਈ ਪ੍ਰਾਪਰਟੀ ਤੋਂ ਪ੍ਰਾਪਤ ਹੋਣ ਵਾਲੇ 82.47 ਕਰੋੜ੍ਹ ਰੁਪਏ ਵਿੱਚੋਂ ਸਾਲ 2011-12 ਵਿੱਚ 21.25 ਕਰੋੜ੍ਹ ਰੁਪਏ ਅਤੇ ਸਾਲ 2012-13 ਵਿੱਚ 2.00 ਕਰੋੜ੍ਹ ਰੁਪਏ ਕੁੱਲ 23.25 ਕਰੋੜ੍ਹ ਰੁਪਏ ਹੀ ਪ੍ਰਾਪਤ ਹੋਏ ਹਨ। ਬਾਕੀ ਰਕਮ ਦੀ ਪ੍ਰਾਪਤੀ ਲਈ ਨਗਰ ਸੁਧਾਰ ਟਰੱਸਟ ਨੂੰ ਵਾਰ-ਵਾਰ ਲਿਖਿਆ ਜਾ ਰਿਹਾ ਹੈ। ਸਾਲ 2016-2017 ਲਈ ਨਗਰ ਸੁਧਾਰ ਟਰੱਸਟ ਤੋਂ ਪ੍ਰਾਪਤ ਹੋਣ ਵਾਲੀ ਰਾਸ਼ੀ ਦੇ ਵਿਰੁੱਧ ਇਸ ਮੱਦ ਅਧੀਨ 1000.00 ਲੱਖ ਰੁਪਏ ਤਜਵੀਜ ਕੀਤੇ ਜਾਂਦੇ ਹਨ।

20. **ਬਿਲਡਿੰਗ ਰੈਗੂਲਰਾਈਜ਼ੇਸ਼ਨ**

ਸਾਲ 2014-15 ਦੋਰਾਨ ਇਸ ਮੱਦ ਅਧੀਨ 217.42 ਲੱਖ ਰੁਪਏ ਅਤੇ ਸਾਲ 2015-16 ਦੋਰਾਨ ਮਿਤੀ 31.12.2015 ਤੱਕ 45.79 ਲੱਖ ਰੁਪਏ ਪ੍ਰਾਪਤ ਹੋਏ ਹਨ। ਸਾਲ 2015-2016 ਦੋਰਾਨ ਇਸ ਮੱਦ ਅਧੀਨ 67.79 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ ਇਸ ਮੱਦ ਅਧੀਨ 70.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

**ਕਮਿਟਡ ਖਰਚਾ (ਵਚਨਬੱਧ ਖਰਚੇ):**

1. **ਅਮਲਾ (ਸਟਾਫ ਦੀਆਂ ਤਨਖਾਹਾਂ):**

ਇਸ ਮਦ ਅਧੀਨ ਸਾਲ 2015-2016 ਦੇ ਬਜਟ ਵਿੱਚ 4846.80 ਲੱਖ ਰੁਪਏ ਦਾ ਖਰਚਾ ਪ੍ਰਵਾਨ ਕੀਤਾ ਗਿਆ ਸੀ, ਜਿਸ ਵਿੱਚੋਂ ਮਿਤੀ 31.12.2015 ਤੱਕ 3629.56 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2015-2016 ਦੋਰਾਨ 4877.65 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ ਇਸ ਮਦ ਅਧੀਨ ਮੰਜੂਰਸ਼ੁਦਾ ਆਸਾਮੀਆਂ ਤੇ 4867.25 ਲੱਖ ਰੁਪਏ ਅਤੇ ਸਰਕਾਰ ਵੱਲੋਂ ਪੈਨਸ਼ਨ ਕੰਟਰੀਬਿਊਸ਼ਨ ਦੀ ਕਟੋਤੀ ਵੈਟ ਵਿੱਚੋਂ ਕਰਨ ਤੇ ਆਉਣ ਵਾਲੇ ਖਰਚੇ 825.00 ਲੱਖ ਰੁਪਏ ਕੁੱਲ 5692.25 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸ ਖਰਚੇ ਵਿਚ ਕਰਮਚਾਰੀ ਦੀਆਂ ਤਨਖਾਹਾਂ, ਸਲਾਨਾ ਤਰੱਕੀ, ਮਹਿੰਗਾਈ ਭੱਤੇ ਦੀ ਕਿਸ਼ਤ, ਗਰੈਚੁਟੀ, ਲੀਵ ਇਨਕੈਸ਼ਮੈਂਟ, ਮੈਡੀਕਲ ਭੱਤਾ, ਐਲ.ਟੀ.ਸੀ ਅਤੇ ਏਰੀਅਰ ਸ਼ਾਮਲ ਹਨ, ਜੋ ਕਿ ਤਜਵੀਜਤ ਆਮਦਨ ਦਾ 38% ਹੈ। ਨਿਗਮ ਦੇ ਮਤਾ ਨੰਬਰ 99 ਮਿਤੀ 14.12.2015 ਅਨੁਸਾਰ 48 ਸੀਵਰਮੈਨ ਅਤੇ 328 ਸਫਾਈ ਸੇਵਕ ਰੋਜ਼ਾਨਾ ਉਜ਼ਰਤ (ਡੇਲੀ ਵੇਜ਼ਿਜ਼) ਤੇ ਲੈਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਸੀਵਰਮੈਨਾਂ ਦਾ ਖਰਚਾ ਸੀਵਰੇਜ਼ ਬੋਰਡ ਨੂੰ ਦਿੱਤੇ ਜਾਣ ਵਾਲੇ ਸੀਵਰੇਜ਼ ਮੈਨਟੀਨੈਂਸ ਦੇ ਖਰਚੇ ਵਿੱਚ ਸ਼ਾਮਲ ਹੈ। ਸਾਲ 2016-2017 ਲਈ ਹੇਠ ਲਿਖੇ ਅਨੁਸਾਰ ਨਵੀਆਂ ਆਸਾਮੀਆਂ ਤੇ 371.92 ਰੁਪਏ ਦਾ ਖਰਚਾ ਬਜਟ ਵਿੱਚ ਤਜਵੀਜ ਕੀਤਾ ਗਿਆ ਹੈ:-

| ਲੜੀ ਨੰ: | ਆਸਾਮੀ ਦਾ ਨਾਮ | ਸ਼ਾਖਾ | ਨਵੀਆਂ ਆਸਾਮੀਆਂ ਦੀ ਰਚਨਾ | ਰਚਨਾ ਕਰਨ ਵਾਲੀ ਆਸਾਮੀ ਤੇ ਖਰਚਾ |
|---|---|---|---|---|
| 1 | ਸਫਾਈ ਸੇਵਕ | ਸਫਾਈ ਸ਼ਾਖਾ | 328 | 314.89 |
| 2 | ਸਫਾਈ ਮੇਟ | ਸਫਾਈ ਸ਼ਾਖਾ | 10 | 22.99 |
| 3 | ਡਰਾਈਵਰ | ਫਾਇਰ ਸ਼ਾਖਾ | 12 | 8.51 |
| 4 | ਫਾਇਰਮੈਨ | ਫਾਇਰ ਸ਼ਾਖਾ | 36 | 25.53 |
| | **ਕੁੱਲ** | | | **371.92** |

ਇਸ ਤਰਾਂ ਕੁੱਲ 6064.17 ਲੱਖ ਰੁਪਏ ਖਰਚਾ ਤਜਵੀਜ ਕੀਤਾ ਗਿਆ ਹੈ, ਜੋ ਕਿ ਤਜ਼ਵੀਜ਼ ਆਮਦਨ ਦਾ 48% ਬਣਦਾ ਹੈ।

## 2. ਕੰਟੀਜੈਨਸੀ (ਅਚਨਚੇਤ ਖਰਚੇ) :

ਇਸ ਮਦ ਅਧੀਨ ਸਾਲ 2015-2016 ਲਈ 161.00 ਲੱਖ ਰੁਪਏ ਦਾ ਖਰਚਾ ਪ੍ਰਵਾਨ ਹੈ। ਇਸ ਵਿੱਚੋਂ ਮਿਤੀ 31.12.2015 ਤੱਕ 108.79 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2015-2016 ਦੋਰਾਨ 159.19 ਲੱਖ ਰੁਪਏ ਖਰਚਾ ਹੋਣ ਦੀ ਸੰਭਾਵਨਾਂ ਹੈ। ਇਸ ਮਦ ਅਧੀਨ ਸਾਲ 2016-2017 ਲਈ 176.50 ਲੱਖ ਰੁਪਏ ਖਰਚਾ ਤਜਵੀਜ ਕੀਤਾ ਗਿਆ ਹੈ। ਇਹ ਖਰਚਾ ਤਜਵੀਜ ਸ਼ੁਦਾ ਆਮਦਨ ਦਾ 1 % ਹੈ। ਇਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ | ਬਜਟ | ਅਸਲ ਖਰਚਾ | ਸੰਭਾਵਤ ਖਰਚਾ | ਸੰਭਾਵਤ ਖਰਚਾ | ਤਜਵੀਜ ਖਰਚਾ |
|---|---|---|---|---|---|---|---|
| | | 2014-15 | 2015-16 | 31.12.15 ਤੱਕ | 01.01.16 ਤੋਂ | 2015-16 | 2016-17 |
| | | | | | 31.03.16 | | |
| - | - | - | - | 31.12.15 | 31.03.16 | - | - |
| 1 | ਸਟੇਸ਼ਨਰੀ | 22.94 | 27.00 | 14.90 | 10.00 | 24.90 | 27.00 |
| 2 | ਦਫਤਰ ਦੇ ਬਿਜਲੀ ਬਿਲ | 8.62 | 10.00 | 10.54 | 2.00 | 12.54 | 14.00 |
| 3 | ਡੀਜ਼ਲ ਅਤੇ ਪੈਟ੍ਰੋਲ | 42.17 | 50.00 | 31.42 | 12.00 | 43.42 | 50.00 |
| 4 | ਵਹੀਕਲਾਂ ਦੀ ਮੁਰਮੰਤ | 14.17 | 15.00 | 17.56 | 7.00 | 24.56 | 15.00 |
| 5 | ਟੈਲੀਫੋਨ ਖਰਚਾ | 1.85 | 2.00 | 2.59 | 0.50 | 3.09 | 3.50 |
| 6 | ਕੰਪਿਊਟਰ ਅਤੇ ਫੋਟੋ ਸਟੇਟ ਮਸ਼ੀਨ | 7.34 | 10.00 | 7.19 | 2.50 | 9.69 | 10.00 |
| 7 | ਹੋਰ ਖਰਚੇ | | | | | | |
| (i) | ਵਰਦੀਆਂ | 3.21 | 5.00 | 2.25 | 5.00 | 7.25 | 10.00 |
| (ii) | ਫਰਨੀਚਰ (ਨਵਾਂ ਅਤੇ ਪੁਰਾਣਾ) | 3.56 | 5.00 | 4.63 | 2.00 | 6.63 | 10.00 |
| (iii) | ਗੱਡੀਆਂ ਦਾ ਬੀਮਾ | 1.90 | 4.00 | 0.89 | 1.00 | 1.89 | 2.00 |
| (iv) | ਫਾਇਰ ਬ੍ਰਿਗੇਡ ਦਾ ਖਰਚਾ | 4.36 | 2.00 | 0.25 | 1.00 | 1.25 | 2.00 |
| (v) | ਅਖਬਾਰਾਂ ਦਾ ਖਰਚਾ | 1.07 | 1.00 | 0.42 | 0.40 | 0.82 | 1.00 |
| (vi) | ਵਿਗਿਆਪਣ ਤੇ ਪਬਲਿਕ ਨੋਟਿਸ ਦੇਣ ਤੇ ਖਰਚਾ | 3.34 | 5.00 | 3.49 | 3.00 | 6.49 | 7.00 |
| (vii) | ਹੋਰ ਖਰਚੇ ਜਿਵੇਂ ਕਿ ਮੇਅਰ ਮੈਂਬਰਸ਼ਿਪ ਫੀਸ, ਕੌਂਸਲਰਾਂ ਦੇ ਭੱਤੇ, ਪ੍ਰਾਪਰਟੀ ਟੈਕਸ ਸਾਫਟਵੇਅਰ, ਟੀ.ਏ. ਡਿਸਪੈਸ਼ਰੀ ਦਾ ਕਿਰਾਇਆ, ਰਸੀਦੀ ਟਿਕਟਾਂ, ਪਰਮਾਨੈਂਟ ਐਡਵਾਂਸ, ਰਿਫਰੈਸ਼ਮੈਂਟ, ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਦੇ ਮੌਕੇ ਤੇ ਹੋਣ ਵਾਲੇ ਖਰਚੇ, ਕਰਾਕਰੀ, ਲਾਇਸੰਸ ਪਲੇਟਾਂ, ਜੈਨਰੇਟਰ ਅਤੇ ਏ.ਸੀ. ਰਿਪੇਅਰ, ਟੀ.ਡੀ.ਐਸ. ਰਿਟਰਨ ਫਾਇਲ ਕਰਨ ਤੇ ਖਰਚੇ, ਈ.ਪੀ.ਐਫ. ਵਕੀਲ ਦੀ ਫੀਸ, ਕੈਮਰੇ/ਪ੍ਰੋਜੈਕਟਰ ਲਗਾਉਣ ਦੇ ਖਰਚੇ, ਵਾਇਰਲੈਸ ਸਪੀਕਰ ਆਦਿ ਦੇ ਖਰਚੇ। | 13.69 | 15.00 | 12.66 | 4.00 | 16.66 | 20.00 |
| (viii) | ਸਰਕਾਰ ਪਾਸੋਂ ਧਾਰਾ 82(3) ਅਧੀਨ ਪ੍ਰਵਾਨਗੀ ਲੈਣ ਉਪਰੰਤ ਹੋਣ ਵਾਲੇ ਖਰਚੇ | | 10.00 | | | | 5.00 |
| | | **128.22** | **161.00** | **108.79** | **50.40** | **159.19** | **176.50** |

## 3. ਕਮਿਟਡ ਮੈਨਟੀਨੈਂਸ ਖਰਚਾ (ਵਚਨਬੱਧ ਰੱਖ-ਰਖਾਵ ਖਰਚਾ) :

ਕਮਿਟਡ ਮੈਨਟੀਨੈਂਸ (ਵਚਨਬੱਧ ਰੱਖ-ਰਖਾਵ) ਖਰਚੇ ਲਈ ਸਾਲ 2015-2016 ਲਈ 4616.28 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਵਿੱਚੋਂ ਮਿਤੀ 31.12.2015 ਤੱਕ 2955.76 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2015-2016 ਦੋਰਾਨ ਇਸ ਮਦ ਅਧੀਨ 3932.76 ਲੱਖ ਰੁਪਏ ਖਰਚਾ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ ਇਸ ਮਦ ਅਧੀਨ 4390.00 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-

## ਕਮਿਟਡ ਮੈਨਟੀਨੈਂਸ (ਵਚਨਬੱਧ ਰੱਖ-ਰਖਾਵ ਖਰਚਿਆਂ ਦਾ ਸਾਲ 2016-17 ਦਾ ਬਜਟ ਅਨੁਮਾਨ

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ | ਬਜਟ | ਅਸਲ ਖਰਚਾ | ਸੰਭਾਵਤ | ਸੰਭਾਵਤ | ਤਜਵੀਜਤ |
|---|---|---|---|---|---|---|---|
| | | 2014-15 | 2015-16 | 31.12.15 | ਖਰਚਾ | ਖਰਚਾ | ਖਰਚਾ |
| | | | _ | ਤੱਕ | 01.01.16 ਤੋਂ | 2015-16 | 2016-17 |
| | | _ | _ | | 31.03.16 | _ | |
| | ਕਮਿਟਡ ਮੈਨਟੀਨੈਂਸ (ਵਚਨਬੱਧ ਰੱਖ ਰਖਾਵ ਖਰਚਾ) | | | | | | |
| 1 | ਵਾਟਰ ਸਪਲਾਈ ਮੈਨਟੀਨੈਂਸ (ਸੀਵਰੇਜ਼ ਬੋਰਡ/ਪਬਲਿਕ ਹੈਲਥ) | 446.97 | 650.00 | 297.46 | 125.00 | 422.46 | 400.00 |
| 2 | ਵਾਟਰ ਸਪਲਾਈ ਮੈਨਟੀਨੈਂਸ (ਨਗਰ ਨਿਗਮ ਬਠਿੰਡਾ) | 49.49 | 75.00 | 28.16 | 7.00 | 35.16 | 50.00 |
| 3 | ਵਾਟਰ ਸਪਲਾਈ ਬਿਜਲੀ ਬਿੱਲ | 320.37 | 400.00 | 450.7 | 90.00 | 540.70 | 600.00 |
| 4 | ਸੀਵਰੇਜ਼ ਮੈਨਟੀਨੈਂਸ (ਸੀਵਰੇਜ਼ ਬੋਰਡ) | 700.66 | 800.00 | 570 | 150.00 | 720.00 | 600.00 |
| 5 | ਸੀਵਰੇਜ਼ ਮੈਨਟੀਨੈਂਸ (ਨਗਰ ਨਿਗਮ ਬਠਿੰਡਾ) | 111.78 | 150.00 | 48.44 | 20.00 | 68.44 | 80.00 |
| 6 | ਸੀਵਰੇਜ਼ ਬਿਜਲੀ ਬਿੱਲ | 386.91 | 450.00 | 330.39 | 150.00 | 480.39 | 530.00 |
| 7 | ਲੋਨ/ਵਿਆਜ਼ ਦੀ ਵਾਪਸੀ | 92.76 | 500.00 | 110.18 | 70.00 | 180.18 | 400.00 |
| 8 | ਜਮੀਨਾਂ ਦਾ ਮੁਆਵਜਾ | 2.50 | 50.00 | 68.82 | 2.00 | 70.82 | 50.00 |
| 9 | ਸਟਰੀਟ ਲਾਈਟ ਬਿਜਲੀ ਬਿੱਲ | 403.05 | 495.00 | 321.49 | 115.00 | 436.49 | 495.00 |
| 10 | ਸਟਰੀਟ ਲਾਈਟ ਮੈਨਟੀਨੈਂਸ | 176.58 | 150.00 | 80.74 | 45.00 | 125.74 | 150.00 |
| 11 | ਸਫਾਈ ਅਤੇ ਸਮਾਨ | 171.28 | 185.00 | 136.06 | 30.00 | 166.06 | 185.00 |
| 12 | ਕਰਮਚਾਰੀਆਂ ਨੂੰ ਐਡਵਾਂਸ | 13.69 | 25.00 | 8 | 5.00 | 13.00 | 15.00 |
| 13 | ਮਿਉਂਸਪਲ ਬਿਲਡਿੰਗ (ਨਵੀਂ ਤੇ ਪੁਰਾਣੀ) | 20.43 | 40.00 | 10.47 | 30.00 | 40.47 | 50.00 |
| 14 | ਮਸ਼ੀਨਰੀ/ਫੋਮ ਟੈਂਡਰ/ਫਾਇਰ ਟੈਂਡਰ ਦਾ ਖਰਚਾ | 3.75 | 10.00 | | | | 50.00 |
| 15 | ਪਾਰਕਾਂ ਦੇ ਰੱਖ-ਰਖਾਵ ਦਾ ਖਰਚਾ | 79.74 | 75.00 | 76.93 | 30.00 | 106.93 | 115.00 |
| 16 | ਸੋਲਿਡ ਵੇਸਟ (ਗਾਰਬੇਜ਼ ਕੁਲੈਕਸ਼ਨ) | 120.03 | 150.00 | 101.27 | 30.00 | 131.27 | 150.00 |
| 17 | ਮਿਉਂਸਪਲ ਭਵਨ (ਮੋਹਾਲੀ) ਧਾਰਾ 52(1) ਅਧੀਨ ਖਰਚਾ | 50.00 | 100.00 | 75 | 25.00 | 100.00 | 25.00 |
| 18 | ਗਊਸ਼ਾਲਾ ਨੂੰ ਦਿੱਤੀ ਜਾਣ ਵਾਲੀ ਗਰਾਂਟ ਅਤੇ ਡਾਇਟ ਮਨੀ | 71.84 | 100.00 | 154.55 | 50.00 | 204.55 | 300.00 |
| 19 | ਜੇ.ਐਨ.ਐਨ.ਯੂ.ਆਰ.ਐਮ | 0.06 | 100.00 | | | | 100.00 |
| 20 | ਡਾਇਰੈਕਟੋਰੇਟ ਖਰਚਾ | 17.54 | 36.28 | 36.28 | | 36.28 | 40.00 |
| 21 | ਇਲੈਕਸ਼ਨ ਖਰਚਾ | | 10.00 | 6.05 | | 6.05 | 10.00 |
| 22 | ਆਡਿਟ ਫੀਸ | 44.68 | 50.00 | 35.8 | | 35.80 | 45.00 |
| 23 | ਕਾਨੂੰਨੀ ਖਰਚਾ | 13.49 | 15.00 | 8.97 | 3.00 | 11.97 | 15.00 |
| | ਕੁੱਲ | 3297.60 | 4616.28 | 2955.76 | 977.00 | 3932.76 | 4455.00 |

4. **ਨਾਨ-ਕਮਿਟਡ ਖਰਚਾ :**

**ਵਿਕਾਸ ਦੇ ਕੰਮ:**

ਨਾਨ-ਕਮਿਟਡ ਵਿਕਾਸ ਦੇ ਕੰਮਾਂ ਲਈ ਲਈ ਸਾਲ 2015-2016 ਲਈ 2500.00 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਵਿੱਚੋਂ ਮਿਤੀ 31.12.2015 ਤੱਕ 1287.98 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2015-2016 ਦੌਰਾਨ ਇਸ ਮਦ ਅਧੀਨ 1566.98 ਲੱਖ ਰੁਪਏ ਖਰਚਾ ਹੋਣ ਦੀ ਸੰਭਾਵਨਾਂ ਹੈ। ਸਾਲ 2016-2017 ਲਈ ਇਸ ਮਦ ਅਧੀਨ 2000.00 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ | ਬਜਟ | ਅਸਲ ਖਰਚਾ | ਸੰਭਾਵਤ | ਸੰਭਾਵਤ | ਤਜਵੀਜਤ |
|---|---|---|---|---|---|---|---|
| | | 2014-15 | 2015-16 | 31.12.15 | ਖਰਚਾ | ਖਰਚਾ | ਖਰਚਾ |
| | | | _ | ਤੱਕ | 01.01.16 ਤੋਂ | 2015-16 | 2016-17 |
| | | _ | _ | | 31.03.16 | _ | |
| | ਨਾਨ-ਕਮਿਟਡ ਖਰਚਾ<br>ਵਿਕਾਸ ਦੇ ਕੰਮ | | | | | | |
| 1 | ਨਵੀਆਂ ਸੜ੍ਹਕਾਂ | 506.95 | 600.00 | 384.16 | 100.00 | 484.16 | 500.00 |
| 2 | ਪੁਰਾਣੀਆਂ ਸੜ੍ਹਕਾਂ ਦੀ ਮੁਰਮੰਤ | 166.37 | 200.00 | 266.79 | 100.00 | 366.79 | 200.00 |
| 3 | ਨਾਲੀਆਂ | 8.07 | 50.00 | 8.04 | 2.00 | 10.04 | 50.00 |
| 4 | ਵਾਟਰ ਸਪਲਾਈ ਨਵੇਂ ਕੰਮ (ਸੀਵਰੇਜ਼ ਬੋਰਡ/ ਪਬਲਿਕ ਹੈਲਥ) | 70.36 | 350.00 | | | | 300.00 |
| 5 | ਵਾਟਰ ਸਪਲਾਈ ਨਵੇਂ ਕੰਮ (ਨਗਰ ਨਿਗਮ ਬਠਿੰਡਾ) | 8.28 | 50.00 | | | | 50.00 |
| 6 | ਸੀਵਰੇਜ਼ ਨਵੇਂ ਕੰਮ (ਸੀਵਰੇਜ਼ ਬੋਰਡ) | 303.71 | 600.00 | 379.2 | | 379.20 | 400.00 |
| 7 | ਸੀਵਰੇਜ਼ ਨਵੇਂ ਕੰਮ (ਨਗਰ ਨਿਗਮ, ਬਠਿੰਡਾ) | 30.57 | 100.00 | 10.79 | | 10.79 | 50.00 |
| 8 | ਡੀ.ਬੀ. ਪੇਵਿੰਗ | 161.60 | 50.00 | 65 | 5.00 | 70.00 | 50.00 |
| 9 | ਨਵੇਂ ਪਾਰਕ | 45.67 | 150.00 | 55.7 | 20.00 | 75.70 | 200.00 |
| 10 | ਪਬਲਿਕ ਟਾਇਲਟ | 7.00 | 50.00 | 4.31 | 2.00 | 6.31 | 50.00 |
| 11 | ਸਟਰੀਟ ਲਾਈਟ ਨਵੀਂ | 34.84 | 60.00 | 12.58 | 10.00 | 22.58 | 100.00 |
| 12 | ਸਲੱਮ | 125.54 | 90.00 | 85.2 | 30.00 | 115.20 | 100.00 |
| 13 | ਐਸ.ਟੀ.ਪੀ. ਅਤੇ ਹੋਰ ਖਰਚੇ | 128.97 | 150.00 | 16.21 | 10.00 | 26.21 | 50.00 |
| | ਕੁੱਲ | 1597.93 | 2500.00 | 1287.98 | 279.00 | 1566.98 | 2100.00 |

ਉਪਰੋਕਤ ਤੋਂ ਇਲਾਵਾ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਅਰਬਨ ਮਿਸ਼ਨ ਤਹਿਤ ਬਠਿੰਡਾ ਸ਼ਹਿਰ ਲਈ 225.70 ਕਰੋੜ੍ਹ ਰੁਪਏ ਦਾ ਪ੍ਰੋਜੈਕਟ ਪ੍ਰਵਾਨ ਕੀਤਾ ਗਿਆ ਹੈ, ਜਿਸ ਵਿੱਚੋਂ 149.20 ਕਰੋੜ੍ਹ ਰੁਪਏ ਦੇ ਕੰਮ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਕਰਵਾਏ ਜਾਣਗੇ ਅਤੇ 76.50 ਕਰੋੜ੍ਹ ਰੁਪਏ ਦੇ ਵਿਕਾਸ ਦੇ ਕੰਮ ਨਗਰ ਨਿਗਮ ਬਠਿੰਡਾ ਵੱਲੋਂ ਕਰਵਾਏ ਜਾਣਗੇ, ਜਿਸਦੇ ਮਿਤੀ 01.02.2016 ਨੂੰ ਟੈਂਡਰ ਲਗਾਏ ਹੋਏ ਹਨ।

**ਦੇਣਦਾਰੀ ਸਬੰਧੀ ਨੋਟ:-** ਨਗਰ ਨਿਗਮ ਬਠਿੰਡਾ ਨੂੰ ਸਾਲ 2008 ਵਿਚ ਪੀ.ਆਈ.ਡੀ.ਬੀ. ਵਲੋਂ ਸ਼ਹਿਰ ਵਿਚ ਬੁਨਿਆਦੀ ਢਾਂਚੇ ਸਬੰਧੀ ਸਹੂਲਤਾਂ ਦੇਣ ਲਈ 40.00 ਕਰੋੜ ਰੁਪਏ ਪ੍ਰਾਪਤ ਹੋਏ ਸਨ। ਬਾਦ ਵਿਚ ਬਲਿਊ ਫੋਕਸ ਪ੍ਰਾਪਰਟੀ ਨਗਰ ਨਿਗਮ ਪਾਸ ਵਾਪਸ ਆ ਗਈ ਸੀ ਅਤੇ ਪੀ.ਆਈ.ਡੀ.ਬੀ. ਵਲੋਂ ਇਸ ਨੂੰ ਲੋਨ ਵਿਚ ਬਦਲ ਦਿੱਤਾ ਗਿਆ। ਇਸ ਤਰ੍ਹਾਂ ਹੀ ਸਾਲ 2011 ਵਿਚ 12.45 ਕਰੋੜ ਰੁਪਏ ਪੀ.ਆਈ.ਡੀ.ਬੀ. ਵਲੋਂ ਨਗਰ ਨਿਗਮ ਬਠਿੰਡਾ ਨੂੰ ਪ੍ਰਾਪਤ ਹੋਣ ਵਾਲੀ ਗਰਾਂਟ ਦੇ ਵਿਰੁੱਧ ਬਤੌਰ ਐਡਵਾਂਸ ਦਿੱਤਾ ਗਿਆ ਸੀ। ਇਹ ਗਰਾਂਟ ਪ੍ਰਾਪਤ ਨਹੀਂ ਹੋਈ ਅਤੇ ਇਹ ਰਾਸ਼ੀ ਲੋਨ ਵਿਚ ਤਬਦੀਲ ਹੋ ਗਈ। ਇਸ ਤਰ੍ਹਾਂ ਕੁਲ 52.45 ਕਰੋੜ ਰੁਪਏ ਪੀ.ਆਈ. ਡੀ.ਬੀ. ਦਾ ਲੋਨ ਹੈ। ਪੀ.ਆਈ. ਡੀ.ਬੀ. ਦੀ ਮੀਟਿੰਗ ਮਿਤੀ 22-08-2013 ਵਿਚ ਹੋਏ ਫੈਸਲੇ ਅਨੁਸਾਰ ਇਹ ਰਾਸ਼ੀ ਨਗਰ ਨਿਗਮ ਦੀ ਐਕਸਾਈਜ਼ ਡਿਊਟੀ ਵਿਚੋਂ ਕੱਟੀ ਜਾਣੀ ਹੈ। ਨਗਰ ਨਿਗਮ ਵਲੋਂ ਇਸ ਨੂੰ ਮਤਾ ਨੰਬਰ 35 ਮਿਤੀ 19-09-2013 ਰਾਹੀਂ ਸਹਿਮਤੀ ਦਿੱਤੀ ਹੋਈ ਹੈ। ਨਗਰ ਨਿਗਮ ਵਲੋਂ ਹੁਡਕੋ ਪਾਸੋਂ ਸ਼ਹਿਰ ਵਿਚ 100% ਵਾਟਰ ਸਪਲਾਈ ਅਤੇ ਸੀਵਰੇਜ਼ ਸਹੂਲਤ ਲਈ 105.00 ਕਰੋੜ ਰੁਪਏ ਦਾ ਲੋਨ ਪ੍ਰਵਾਨ ਕੀਤਾ ਹੋਇਆ ਹੈ। ਇਸ ਵਿੱਚੋਂ ਹੁਣ ਤੱਕ 26.25 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋ ਚੁੱਕੀ ਹੈ। ਇਸ ਸਾਲ ਹੋਰ ਰਾਸ਼ੀ ਲੈਣ ਦੀ ਸੰਭਾਵਨਾ ਹੈ। ਇਸ ਸਬੰਧੀ ਵਿਆਜ਼ ਦੀ ਅਦਾਇਗੀ ਸ਼ੁਰੂ ਹੋ ਚੁਕੀ ਹੈ। ਇਸ ਲਈ ਇਸ ਮਦ ਅਧੀਨ 4.00 ਕਰੋੜ ਰੁਪਏ ਦੀ ਵਿਆਜ ਦੀ ਰਾਸ਼ੀ ਅਦਾ ਕਰਨ ਲਈ ਤਜ਼ਵੀਜ਼ ਕੀਤੀ ਗਈ ਹੈ।

ਨਗਰ ਨਿਗਮ ਵਲੋਂ ਬਾਦ ਵਿਚ ਬਲਿਊ ਫੋਕਸ ਪ੍ਰਾਪਰਟੀ ਨਗਰ ਸੁਧਾਰ ਟਰਸਟ ਨੂੰ 82.47 ਕਰੋੜ ਰੁਪਏ ਵਿਚ ਟਰਾਂਸਫਰ ਕਰ ਦਿੱਤੀ ਗਈ ਸੀ। ਜਿਸ ਵਿਚੋਂ ਅਜੇ 23.25 ਕਰੋੜ ਰੁਪਏ ਹੀ ਪ੍ਰਾਪਤ ਹੋਏ ਹਨ। ਬਾਕੀ ਰਾਸ਼ੀ ਲਈ ਨਗਰ ਸੁਧਾਰ ਟਰਸਟ ਨੂੰ ਬਹੁਤ ਪੱਤਰ ਲਿਖੇ ਗਏ ਹਨ। ਇਸ ਸਾਲ ਦੌਰਾਨ ਜੇਕਰ ਨਗਰ ਸੁਧਾਰ ਟਰਸਟ ਵਲੋਂ ਰਾਸ਼ੀ ਪ੍ਰਾਪਤ ਹੋ ਜਾਂਦੀ ਹੈ ਤਾਂ ਉਹ 100% ਕਵਰੇਜ਼ ਸਕੀਮ ਲਈ ਨਗਰ ਨਿਗਮ ਦੇ ਸ਼ੇਅਰ ਦੇ ਤੌਰ ਤੇ ਵਰਤੀ ਜਾਵੇਗੀ।

ਉਪਰੋਕਤ ਵੇਰਵੇ ਅਨੁਸਾਰ ਨਗਰ ਨਿਗਮ ਦੀ ਮਾਲੀ ਹਾਲਤ ਹੇਠ ਲਿਖੇ ਅਨੁਸਾਰ ਦਰਸਾਈ ਗਈ ਹੈ :-

| | | | | |
|---|---|---|---|---|
| 1. | ਮਿਤੀ 01/04/2015 ਨੂੰ ਕੈਸ਼-ਬੁੱਕ ਅਨੁਸਾਰ ਮੁਢਲੀ ਬਾਕੀ : | | | 2431.11 ਲੱਖ ਰੁਪਏ |
| 2. | ਸਾਲ 2015-2016 ਵਿਚ ਹੋਣ ਵਾਲੀ ਸੰਭਾਵਤ ਆਮਦਨ | | | 10551.08 ਲੱਖ ਰੁਪਏ |
| | | ਕੁੱਲ ਜੋੜ : | | 12982.19 ਲੱਖ ਰੁਪਏ |
| | **ਸੰਭਾਵਤ ਖਰਚਾ** : | | | |
| 1. | ਅਮਲਾ (ਕਮਿਟਡ): | 4877.65 | 46% | |
| 2. | ਕੰਟੀਜੈਨਸੀ (ਕਮਿਟਡ): | 159.19 | 2% | |
| 3. | ਮੈਨਟੀਨੈਂਸ ਖਰਚਾ (ਕਮਿਟਡ) | 3932.76 | 37% | |
| 4. | ਵਿਕਾਸ (ਨਾਨ-ਕਮਿਟਡ): | 1566.98 | 15% | |
| | | 10536.58 ਲੱਖ ਰੁਪਏ | | 10536.58 ਲੱਖ ਰੁਪਏ |
| | ਮਿਤੀ 31/03/2016 ਨੂੰ ਸੰਭਾਵਤ ਬਾਕੀ : | | | 2445.61 ਲੱਖ ਰੁਪਏ |
| | ਮਿਤੀ 01/04/2016 ਨੂੰ ਮੁਢਲੀ ਬਾਕੀ : | | | 2445.61 ਲੱਖ ਰੁਪਏ |
| | ਸਾਲ 2016-2017 ਲਈ ਤਜਵੀਜ ਸ਼ੁਦਾ ਆਮਦਨ : | | | 12117.15 ਲੱਖ ਰੁਪਏ |
| | | ਕੁੱਲ ਆਮਦਨ : | | 14562.76 ਲੱਖ ਰੁਪਏ |
| | **ਤਜਵੀਜ ਖਰਚਾ** : | | | |
| 1. | ਅਮਲਾ (ਕਮਿਟਡ): | 6064.17 | 48% | |
| 2. | ਕੰਟੀਜੈਨਸੀ (ਕਮਿਟਡ): | 176.50 | 1% | |
| 3. | ਮੈਨਟੀਨੈਂਸ ਖਰਚਾ(ਕਮਿਟਡ): | 4455.00 | 37% | |
| 4. | ਵਿਕਾਸ(ਨਾਨ-ਕਮਿਟਡ) : | 2100.00 | 17% | |
| | | 12795.67 ਲੱਖ ਰੁਪਏ | | 12795.67 ਲੱਖ ਰੁਪਏ |
| | ਮਿਤੀ 31/03/2017 ਨੂੰ ਸੰਭਾਵਤ ਅੰਤਿਮ ਬਾਕੀ : | | | 1767.09 ਲੱਖ ਰੁਪਏ |

ਨਗਰ ਨਿਗਮ ਬਠਿੰਡਾ ਦਾ ਸਾਲ 2016-2017 ਦਾ ਬਜਟ ਪ੍ਰਵਾਨਗੀ ਲਈ ਵਿਚਾਰ ਹਿੱਤ।

**ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸ਼੍ਰੀ ਰਾਜਵਿੰਦਰ ਸਿੰਘ ਸਿੱਧੂ, ਨਗਰ ਕੌਂਸਲਰ ਨੇ ਸਮੁੱਚੇ ਹਾਊਸ ਨੂੰ ਨਿਗਮ ਵੱਲੋਂ 100% ਆਮਦਨ ਕੂਲੈਕਸ਼ਨ ਦਾ ਟੀਚਾ ਪੂਰਾ ਕਰਨ ਤੇ ਵਧਾਈ ਦਿੱਤੀ। ਉਹਨਾਂ ਇਹ ਟੀਚਾ ਪੂਰਾ ਕਰਨ ਤੇ ਮਾਨਯੋਗ ਮੇਅਰ ਸਾਹਿਬ ਅਤੇ ਕਮਿਸ਼ਨਰ ਸਾਹਿਬ ਜੀ ਦਾ ਵੀ ਧੰਨਵਾਦ ਕੀਤਾ।**

**ਸ਼੍ਰੀ ਪੰਕਜ ਅਰੋੜਾ, ਨਗਰ ਕੌਂਸਲਰ ਨੇ ਨਿਗਮ ਦੇ ਇੱਕ ਸਾਲ ਪੂਰਾ ਹੋਣ ਤੇ ਸਮੁੱਚੇ ਹਾਊਸ ਨੂੰ ਵਧਾਈ ਦਿੱਤੀ। ਉਹਨਾਂ ਮਾਨਯੋਗ ਮੇਅਰ ਸਾਹਿਬ ਜੀ ਦਾ ਸ਼ਹਿਰ ਦੇ ਵਿਕਾਸ ਲਈ 73.00 ਕਰੋੜ ਰੁਪਏ ਦੇ ਟੈਂਡਰ ਪਾਸ ਕਰਨ ਤੇ ਵੀ ਧੰਨਵਾਦ ਕੀਤਾ। ਬਜਟ ਸਬੰਧੀ ਉਹਨਾਂ ਬੋਲਦਿਆਂ ਕਿਹਾ ਕਿ ਇਹ ਬਹੁਤ ਹੀ ਸ਼ਲਾਘਾਯੋਗ ਬਜਟ ਹੈ। ਉਹਨਾਂ ਮੰਗ ਕੀਤੀ ਕਿ ਸ਼ਹਿਰ ਵਿੱਚ ਹਰਿਆਲੀ ਜਿਆਦਾ ਕਰਨ ਲਈ ਪਾਰਕਾਂ ਖਾਤਰ 100.00 ਲੱਖ ਰੁਪਏ ਦੀ ਬਜਾਏ 200.00 ਲੱਖ ਰੁਪਏ ਰੱਖੇ ਜਾਣ।**

**ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਸ਼੍ਰੀ ਰਾਜਵਿੰਦਰ ਸਿੰਘ, ਸ਼੍ਰੀ ਰਾਜਿੰਦਰ ਸਿੰਘ ਸਿੱਧੂ ਅਤੇ ਸ਼੍ਰੀ ਨਿਰਮਲ ਸਿੰਘ ਸੰਧੂ ਨੇ ਕਿਹਾ ਕਿ ਨਿਗਮ ਵੱਲੋਂ ਬਹੁਤ ਹੀ ਵਧੀਆ ਬਜਟ ਪੇਸ਼ ਕੀਤਾ ਗਿਆ ਹੈ। ਉਹਨਾਂ ਵੀ ਮੰਗ ਕੀਤੀ ਕਿ ਸ਼ਹਿਰ ਦੇ ਪਾਰਕਾਂ ਲਈ 100.00 ਲੱਖ ਰੁਪਏ ਦੀ ਰਾਸ਼ੀ ਵਧਾ ਕੇ 200.00 ਲੱਖ ਰੁਪਏ ਕਰ ਦਿੱਤੀ ਜਾਵੇ। ਇਸਦੇ ਨਾਲ ਹੀ ਉਹਨਾਂ ਸ਼ਹਿਰ ਵਿੱਚ ਸਟਰੀਟ ਲਾਈਟ ਲਈ 125.00 ਲੱਖ ਰੁਪਏ ਦੀ ਬਜਾਏ 150.00 ਲੱਖ ਰੁਪਏ ਕਰਨ ਦੀ ਮੰਗ ਕੀਤੀ।**

**ਸ਼੍ਰੀਮਤੀ ਗੁਰਿੰਦਰਪਾਲ ਕੌਰ ਮਾਂਗਟ, ਡਿਪਟੀ ਮੇਅਰ ਨੇ ਕਿਹਾ ਕਿ ਸ਼ਹਿਰ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਮਸ਼ੀਨਰੀ ਦੀ ਬਹੁਤ ਜਿਆਦਾ ਜਰੂਰਤ ਹੈ, ਕਿਉਂ ਜੋ ਸ਼ਹਿਰ ਦਿਨ ਬ ਦਿਨ ਵੱਧ ਰਿਹਾ ਹੈ। ਉਹਨਾਂ ਮਸ਼ੀਨਰੀ ਖਰਚੇ ਦੀ ਮੱਦ ਨੂੰ 10.00 ਲੱਖ ਰੁਪਏ ਤੋਂ ਵਧਾ ਕੇ 50.00 ਲੱਖ ਰੁਪਏ ਕਰਨ ਲਈ ਕਿਹਾ।**

**<u>ਮਤਾ ਨੰਬਰ 121:</u>** **ਕਮਿਟਡ ਖਰਚੇ ਦੀ ਮੱਦ ਅਧੀਨ ਸਟਰੀਟ ਲਾਈਟ ਮੈਨਟੀਨੈਂਸ ਤੇ 150.00 ਲੱਖ ਰੁਪਏ, ਮਸ਼ੀਨਰੀ ਦੀ ਮੱਦ ਤੇ 50.00 ਲੱਖ ਰੁਪਏ ਅਤੇ ਨਾਨ-ਕਮਿਟਡ ਖਰਚੇ ਤਹਿਤ ਪਾਰਕਾਂ ਦੀ ਮੱਦ ਤੇ 200.00 ਲੱਖ ਰੁਪਏ ਖਰਚਾ ਮੰਨਜ਼ੂਰ ਕਰਦੇ ਹੋਏ ਸਰਵਸੰਮਤੀ ਨਾਲ ਬਜਟ ਪ੍ਰਵਾਨ ਹੈ।** ਸਹੀ/-

**ਮੇਅਰ**
**ਨਗਰ ਨਿਗਮ,ਬਠਿੰਡਾ।**